## ਕਿਸੇ ਕਲੀਨੀਕਲ ਪਰਖ ਵਿੱਚ ਭਾਗ ਲੈਣ ਤੋਂ ਪਹਿਲਾਂ ਪੁੱਛੇ ਜਾਣ ਵਾਲੇ ਕੁਝ ਸਵਾਲ

- ਇਸ ਕਲੀਨੀਕਲ ਪਰਖ ਦਾ ਮਕਸਦ ਕੀ ਹੈ?
- ਕੀ ਇਹ ਇਲਾਜ ਮੇਰੇ ਲਈ ਕੰਮ ਕਰ ਸਕਦਾ ਹੈ?
- ਮੈਨੂੰ ਕੀ ਕਰਨ ਲਈ ਕਿਹਾ ਜਾਵੇਗਾ?
- ਕਲੀਨੀਕਲ ਪਰਖ ਕਿੰਨ੍ਹਾ ਕੁ ਸਮਾਂ ਚੱਲਣ ਵਾਲੀ ਹੈ?
- ਸੰਭਾਵਿਤ ਖਤਰੇ ਕੀ ਹਨ?
- ਕੀ ਮੈਨੂੰ ਕਲੀਨੀਕਲ ਪਰਖ ਦੇ ਕਿਸੇ ਵੀ ਭਾਗ ਵਾਸਤੇ ਭੁਗਤਾਨ ਕਰਨਾ ਪਵੇਗਾ, ਅਤੇ ਕੀ ਮੈਨੂੰ ਕਿਸੇ ਕਲੀਨੀਕਲ ਪਰਖ ਵਿੱਚ ਹੋਣ ਦੌਰਾਨ ਯਾਤਰਾ, ਜਾਂ ਖਾਣਿਆਂ ਦੀਆਂ ਲਾਗਤਾਂ ਵਾਸਤੇ ਭੁਗਤਾਨ-ਵਾਪਸੀ ਕੀਤੀ ਜਾਵੇਗੀ?
- ਜੇ ਇਲਾਜ ਮੇਰੇ ਵਾਸਤੇ ਕੰਮ ਕਰਦਾ ਹੈ, ਤਾਂ ਕੀ ਮੈਂ ਕਲੀਨੀਕਲ ਪਰਖ ਦੇ ਸਮਾਪਤ ਹੋਣ ਦੇ ਬਾਅਦ ਵੀ ਇਸਦੀ ਵਰਤੋਂ ਕਰਨਾ ਜਾਰੀ ਰੱਖ ਸਕਦਾ/ਦੀ ਹਾਂ?
- ਇਹ ਅਧਿਐਨ ਮੇਰੇ ਰੋਜ਼ਾਨਾ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰੇਗਾ?
- ਕੀ ਕਿਸੇ ਹੋਰ ਨੂੰ ਮੇਰੀ ਭਾਗੀਦਾਰੀ ਬਾਰੇ ਪਤਾ ਚੱਲੇਗਾ?



This brochure has not been approved by FDA,
**Brochure prepared by Ekta Grewal, MSc**
**Reviewed by Amrit Anand, MD**

## ਕਲੀਨੀਕਲ ਪਰਖਾਂ ਬਾਰੇ ਹੋਰ ਜਾਣੋ
## ਆਮ ਸਰੋਤ

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

https://www.cc.nih.gov/participatel.html
ਫੋਨ 1-800-411-1222
ਸਿਹਤ ਦੀ ਕੌਮੀ ਸੰਸਥਾ ਤੋਂ
ਵਰਤਮਾਨ ਕਲੀਨੀਕਲ ਪਰਖਾਂ ਅਤੇ
ਭਾਗੀਦਾਰੀ ਬਾਰੇ ਹੋਰ ਜਾਣੋ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

www.clinicaltrials.gov
www.fda.gov/healthequity
healthequity@fda.hhs.gov
1-888-INFO-FDA
(1-888-463-6332)

ਸਿੱਖਸ ਇਨ ਕਲੀਨੀਕਲ ਰਿਸਰਚ (SICR) ਕਲੀਨੀਕਲ ਪਰਖਾਂ ਵਾਸਤੇ ਮਰੀਜ਼ਾਂ ਨੂੰ ਭਰਤੀ ਕਰਨ ਵਿੱਚ ਸ਼ਾਮਲ ਨਹੀਂ ਹੈ, ਨਾ ਹੀ ਇਹ ਕਲੀਨੀਕਲ ਪਰਖਾਂ ਦਾ ਸੰਚਾਲਨ ਕਰਨ ਵਿੱਚ ਸ਼ਾਮਲ ਹੈ।

25 Telser Rd, #125, Lake Zurich, IL 60047
www.sikhsinclinicalresearch.com
1-847-454-3872
@2022 ਸਿੱਖਸ ਇਨ ਕਲੀਨੀਕਲ ਰਿਸਰਚ

# ਕਲੀਨੀਕਲ ਪਰਖਾਂ

ਜੇ ਤੁਸੀਂ ਕਦੇ ਦਵਾਈ ਲਈ ਹੈ ਜਾਂ ਕਿਸੇ ਬਿਮਾਰੀ ਦਾ ਇਲਾਜ ਕਰਵਾਇਆ ਹੈ, ਤਾਂ ਤੁਸੀਂ ਕਲੀਨੀਕਲ ਪਰਖਾਂ ਦਾ ਲਾਭ ਦੇਖਿਆ ਹੈ। ਹਰ ਸਾਲ, ਹਜ਼ਾਰਾਂ ਲੋਕ ਕਲੀਨੀਕਲ ਪਰਖਾਂ ਵਿੱਚ ਭਾਗ ਲੈਂਦੇ ਹਨ ਤਾਂ ਜੋ ਬਿਮਾਰੀ ਦੀ ਰੋਕਥਾਮ ਕਰਨ ਅਤੇ ਇਸਦਾ ਇਲਾਜ ਕਰਨ ਦੇ ਤਰੀਕੇ ਲੱਭਣ ਵਿੱਚ ਮਦਦ ਕੀਤੀ ਜਾ ਸਕੇ। ਕਲੀਨੀਕਲ ਪਰਖਾਂ ਸਾਰੇ ਲੋਕਾਂ ਨੂੰ ਬਿਹਤਰ ਸਿਹਤ ਦਾ ਅਨੰਦ ਲੈਣ ਵਿੱਚ ਮਦਦ ਕਰਦੀਆਂ ਹਨ।




SIKHS
In Clinical Research
Diversity. Equity. Inclusion.

Sikhs in Clinical Research

# ਕਲੀਨੀਕਲ ਪਰਖਾਂ ਕੀ ਹਨ?

ਕਲੀਨੀਕਲ ਪਰਖਾਂ, ਜਿੰਨ੍ਹਾਂ ਨੂੰ "ਕਲੀਨੀਕਲ ਖੋਜ ਅਧਿਐਨ", ਜਾਂ "ਕਲੀਨੀਕਲ ਅਧਿਐਨ" ਵਜੋਂ ਵੀ ਜਾਣਿਆ ਜਾਂਦਾ ਹੈ, ਮਨੁੱਖੀ ਸਵੈਇੱਛੁਕ ਅਧਿਐਨ ਹਨ ਜੋ ਵਿਸ਼ੇਸ਼ ਸਿਹਤ ਸਵਾਲਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਦੇ ਹਨ। ਕੁਝ ਕੁ ਕਲੀਨੀਕਲ ਪਰਖਾਂ ਸੰਭਾਵੀ ਨਵੇਂ ਇਲਾਜਾਂ ਦੀ ਸੁਰੱਖਿਆ ਅਤੇ ਅਸਰਦਾਇਕਤਾ ਨੂੰ ਮਾਪਦੀਆਂ ਹਨ। ਹੋਰ ਕਲੀਨੀਕਲ ਪਰਖਾਂ ਲੋਕਾਂ ਦੇ ਵੱਡੇ ਇਕੱਠ ਵਿੱਚ ਸਿਹਤ ਦੇ ਮੁੱਦਿਆਂ ਅਤੇ ਵਿਵਹਾਰਾਂ ਦਾ ਪ੍ਰੀਖਣ ਕਰਦੀਆਂ ਹਨ।

**ਕਲੀਨੀਕਲ ਪਰਖਾਂ ਨੂੰ ਤੁਹਾਡੀ ਮਦਦ ਦੀ ਲੋੜ ਕਿਉਂ ਹੈ**

ਬਹੁਤ ਸਾਰੀਆਂ ਬਿਮਾਰੀਆਂ ਜਿਵੇਂ ਕਿ ਸ਼ੂਗਰ, ਦਿਲ ਦੀ ਬਿਮਾਰੀ, ਅਤੇ ਮੋਟਾਪਾ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ। ਫਿਰ ਵੀ, ਇਸ ਬਾਰੇ ਬਹੁਤ ਘੱਟ ਜਾਣਿਆ ਜਾਂਦਾ ਹੈ ਕਿ ਉਹ ਇਲਾਜ ਪ੍ਰਤੀ ਕਿਵੇਂ ਪ੍ਰਤੀਕਿਰਿਆ ਦਿਖਾਉਂਦੇ ਹਨ, ਇਸ ਲਈ ਵਿਗਿਆਨੀਆਂ ਦੀ ਮਦਦ ਕਰਨ ਲਈ ਸਵੈਇੱਛੁਕਾਂ ਦੀ ਲੋੜ ਹੈ, ਇਹ ਪਤਾ ਕਰਨ ਲਈ ਕਿ ਵਿਭਿੰਨ ਇਲਾਜ ਉਹਨਾਂ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ। ਜਦੋਂ ਸਵੈਇੱਛੁਕ ਕਲੀਨੀਕਲ ਪਰਖਾਂ ਵਿੱਚ ਭਾਗ ਲੈਂਦੇ ਹਨ, ਉਹ ਸਾਰੇ ਲੋਕਾਂ ਦੀ ਸਿਹਤ ਵਿੱਚ ਸੁਧਾਰ ਕਰਨ ਅਤੇ ਸਿਹਤ ਅਸਮਾਨਤਾਵਾਂ ਦੀ ਵਧੇਰੇ ਸਮਝ ਪ੍ਰਦਾਨ ਕਰਨ ਵਿੱਚ ਮਦਦ ਕਰਦੇ ਹਨ।

ਕਲੀਨੀਕਲ ਪਰਖਾਂ ਸਾਰੇ ਲੋਕਾਂ ਦੀ ਭਾਗੀਦਾਰੀ ਦਾ ਸਵਾਗਤ ਕਰਦੀਆਂ ਹਨ, ਅਤੇ ਸਵੈਇੱਛੁਕਾਂ ਦੇ ਸੁਰੱਖਿਅਤ ਅਤੇ ਨੈਤਿਕ ਇਲਾਜ ਵਾਸਤੇ ਇਹਨਾਂ ਕਲੀਨੀਕਲ ਪਰਖਾਂ ਦੀ ਨੇੜਿਓਂ ਨਿਗਰਾਨੀ ਕੀਤੀ ਜਾਂਦੀ ਹੈ।

SICR ਪਰਖਾਂ ਵਾਸਤੇ ਮਰੀਜ਼ਾਂ ਨੂੰ ਭਰਤੀ ਕਰਨ ਵਿੱਚ ਸ਼ਾਮਲ ਨਹੀਂ ਹੈ, ਨਾਹੀ ਇਹ ਕਲੀਨੀਕਲ ਪਰਖਾਂ ਦਾ ਸੰਚਾਲਨ ਕਰਨ ਵਿੱਚ ਸ਼ਾਮਲ ਹੈ।

# ਤੁਹਾਡੀ ਰੱਖਿਆ ਕਿਵੇਂ ਕੀਤੀ ਜਾਂਦੀ ਹੈ ਜੇ ਤੁਸੀਂ ਭਾਗ ਲੈਂਦੇ ਹੋ

ਕਲੀਨੀਕਲ ਖੋਜ ਸਵੈਇੱਛੁਕਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਸੰਘੀ ਸੇਧਾਂ ਅਤੇ ਨੈਤਿਕਤਾ ਦੇ ਜ਼ਾਬਤੇ ਸਥਾਪਤ ਹਨ। ਇਸਤੋਂ ਇਲਾਵਾ, ਇੱਕ ਸੰਸਥਾਗਤ ਸਮੀਖਿਆ ਬੋਰਡ ਅਤੇ ਪੇਸ਼ੇਵਰਾਂ ਦਾ ਇੱਕ ਪੈਨਲ, ਅਧਿਐਨ ਦੀ ਸੁਰੱਖਿਆ ਦੀ ਨਿਗਰਾਨੀ ਕਰਨ ਅਤੇ ਹਰੇਕ ਕਲੀਨੀਕਲ ਪਰਖ ਵਿੱਚ ਸਵੈਇੱਛੁਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਵਾਸਤੇ ਜਿੰਮੇਵਾਰ ਹੈ।

**ਤੁਹਾਨੂੰ ਕੀ ਜਾਣਨ ਦੀ ਲੋੜ ਹੈ**

ਇਸ ਤੋਂ ਪਹਿਲਾਂ ਕਿ ਤੁਸੀਂ ਕਿਸੇ ਕਲੀਨੀਕਲ ਪਰਖ ਵਿੱਚ ਦਾਖਲਾ ਲਵੋਂ, ਇਸ ਬਾਰੇ ਵੱਧ ਤੋਂ ਵੱਧ ਸੰਭਵ ਹੱਦ ਤੱਕ ਜਾਣਨਾ ਚੰਗਾ ਹੈ। ਹੋ ਸਕਦਾ ਹੈ ਤੁਸੀਂ ਇਹ ਜਾਣਨ ਵਿੱਚ ਦਿਲਚਸਪੀ ਰੱਖਦੇ ਹੋਵੋਂ ਕਿ ਕਲੀਨੀਕਲ ਪਰਖਾਂ ਦੀਆਂ ਵਿਭਿੰਨ ਕਿਸਮਾਂ ਹੁੰਦੀਆਂ ਹਨ। ਕੁਝ ਨੂੰ ਸਿਹਤਮੰਦ ਸਵੈਇੱਛੁਕਾਂ ਦੀ ਲੋੜ ਹੁੰਦੀ ਹੈ ਜਦੋਂ ਕਿ ਹੋਰ ਕਲੀਨੀਕਲ ਪਰਖਾਂ ਇਲਾਜ ਦੀ ਜ਼ਰੂਰਤ ਵਾਲੇ ਸਵੈਇੱਛੁਕਾਂ ਦੀ ਭਾਲ ਕਰਦੀਆਂ ਹਨ।
ਇੱਕ ਕਲੀਨੀਕਲ ਪਰਖ ਇੱਕ ਤਰੀਕੇ ਦੇ ਅਨੁਸਾਰ ਕੀਤੀ ਜਾਂਦੀ ਹੈ ਜਿਸ ਨੂੰ ਪ੍ਰੋਟੋਕੋਲ ਕਹਿੰਦੇ ਹਨ। ਜੋ ਕਿ ਵਰਣਨ ਕਰਦਾ ਹੈ:

- ਕਿਸ ਕਿਸਮ ਦੇ ਸਵੈਇੱਛੁਕ ਅਧਿਐਨ ਵਿੱਚ ਦਾਖਲ ਹੋ ਸਕਦੇ ਹਨ
- ਟੈਸਟਾਂ ਅਤੇ ਪ੍ਰਕਿਰਿਆਵਾਂ, ਅਧਿਐਨ ਦਵਾਈਆਂ ਅਤੇ ਖੁਰਾਕਾਂ ਦੀਆਂ ਸਮਾਂ-ਸਾਰਣੀਆਂ
- ਅਧਿਐਨ ਦੀ ਲੰਬਾਈ
- ਅਧਿਐਨ ਮੁਲਾਕਾਤਾਂ ਦੀ ਸੰਖਿਆ

ਪ੍ਰੋਟੋਕੋਲ ਦੀਆਂ ਲੋੜਾਂ ਦੇ ਆਧਾਰ 'ਤੇ, ਤੁਸੀਂ ਕਿਸੇ ਵਿਸ਼ੇਸ਼ ਕਲੀਨੀਕਲ ਪਰਖ ਵਾਸਤੇ ਯੋਗਤਾ ਪੂਰੀ ਕਰ ਸਕਦੇ ਹੋ ਅਤੇ ਨਹੀਂ ਵੀ।

ਜੇ ਤੁਸੀਂ ਕਲੀਨੀਕਲ ਪਰਖ ਵਾਸਤੇ ਯੋਗਤਾ ਪੂਰੀ ਕਰਦੇ ਹੋ, ਤਾਂ ਪ੍ਰੋਟੋਕੋਲ ਦੀ ਪਾਲਣਾ ਕਰਨ ਲਈ ਤੁਹਾਨੂੰ ਲਿਖਤੀ ਰੂਪ ਵਿੱਚ ਸਹਿਮਤ ਹੋਣ ਲਈ ਕਿਹਾ ਜਾਵੇਗਾ। ਇਸਨੂੰ ਸੂਚਿਤ ਸਹਿਮਤੀ ਦੇਣਾ ਕਹਿੰਦੇ ਹਨ।

# ਪਹਿਲਾਂ ਵਿਚਾਰੀਆਂ ਜਾਣ ਵਾਲੀਆਂ ਚੀਜ਼ਾਂ

## ਸਵੈਇੱਛੁਕ ਬਣਨਾ

ਕਿਸੇ ਕਲੀਨੀਕਲ ਪਰਖ ਵਿੱਚ ਭਾਗ ਲੈਣ ਤੋਂ ਪਹਿਲਾਂ, ਸੰਭਾਵਿਤ ਫਾਇਦਿਆਂ ਅਤੇ ਹਾਨੀਆਂ ਬਾਰੇ ਸੋਚੋ ਤੇ ਵਿਚਾਰ ਕਰੋ। ਕਿਸੇ ਕਲੀਨੀਕਲ ਪਰਖ ਵਿੱਚ ਅਧਿਐਨ ਕੀਤਾ ਪ੍ਰਯੋਗਿਕ ਇਲਾਜ ਤੁਹਾਨੂੰ ਨਿੱਜੀ ਤੌਰ 'ਤੇ ਲਾਭ ਪਹੁੰਚਾ ਵੀ ਸਕਦਾ ਹੈ ਜਾਂ ਨਹੀਂ ਵੀ ।

**ਫਾਇਦੇ**

- ਸੰਭਵ ਤੌਰ 'ਤੇ ਕਿਸੇ ਬੀਮਾਰੀ ਲਈ ਇਲਾਜ ਪ੍ਰਾਪਤ ਕਰਨਾ, ਜਦੋਂ ਕਿ ਕੋਈ ਹੋਰ ਇਲਾਜ ਮੌਜੂਦ ਨਹੀਂ ਹੈ
- ਤੁਹਾਡੀ ਬਿਮਾਰੀ ਲਈ ਮਾਹਰ ਦੇਖਭਾਲ
- ਨਵੇਂ ਇਲਾਜਾਂ ਤੱਕ ਜਲਦੀ ਪਹੁੰਚ ਹੋਣਾ

**ਖਤਰੇ**

- ਕਲੀਨਿਕੀ ਪਰਖਾਂ ਜਾਂਚ-ਅਧੀਨ ਇਲਾਜਾਂ ਦਾ ਅਧਿਐਨ ਕਰਦੀਆਂ ਹਨ, ਇਸ ਕਰਕੇ, ਇਲਾਜਾਂ ਬਾਰੇ ਜਾਣਕਾਰੀ ਪਤਾ ਨਹੀਂ ਹੈ।
- ਅਜਿਹਾ ਇਲਾਜ ਪ੍ਰਾਪਤ ਕਰਨਾ ਜੋ ਅਸਰ ਨਾ ਕਰੇ
- ਅਣਸੁਖਾਵੇਂ ਜਾਂ ਗੰਭੀਰ ਅਣਚਾਹੇ ਅਸਰਾਂ ਦਾ ਅਨੁਭਵ ਹੋਣਾ

ਜੇ ਤੁਸੀਂ ਕਲੀਨੀਕਲ ਪਰਖਾਂ ਬਾਰੇ ਵਧੇਰੇ ਜਾਣਨਾ ਚਾਹੁੰਦੇ ਹੋ, ਤਾਂ ਵਧੇਰੇ ਜਾਣਕਾਰੀ ਵਾਸਤੇ ਆਪਣੇ ਡਾਕਟਰ ਨਾਲ ਸੰਪਰਕ ਕਰੋ।

ਯਾਦ ਰੱਖੋ, ਕਲੀਨੀਕਲ ਪਰਖਾਂ ਵਿੱਚ ਤੁਹਾਡੀ ਭਾਗੀਦਾਰੀ ਪੂਰੀ ਤਰ੍ਹਾਂ ਸਵੈ-ਇੱਛਤ ਹੈ ਅਤੇ ਤੁਸੀਂ ਕਿਸੇ ਵੀ ਸਮੇਂ ਕਿਸੇ ਵੀ ਕਾਰਨ ਇਸਨੂੰ ਛੱਡ ਸਕਦੇ ਹੋ।

This brochure has not been approved by FDA,
Brochure prepared by Ekta Grewal, MSc
Reviewed by Amrit Anand, MD